ਮਿਸਰਾ : ਫ਼ਾਰਸੀ ਪਿੰਗਲ ਅਨੁਸਾਰ ਕੁਝ ਸ਼ਬਦਾਂ ਦਾ ਸੰਗ੍ਰਹਿ ਜੋ ਕਿਸੇ ਵਜ਼ਨ ਤੋਲ ਤੇ ਨਿਰਧਾਰਿਤ ਹੋਵੇ, ਮਿਸਰਾ ਹੈ। ਸਾਧਾਰਨ ਸ਼ਬਦਾਂ ਵਿਚ ਗ਼ਜ਼ਲ ਵਿਚ ਆਏ ਹਰ ਸ਼ਿਅਰ ਦੀ ਹਰ ਤੁਕ ਨੂੰ ਮਿਸਰਾ ਕਹਿੰਦੇ ਹਨ। ਮਤਲਾ : ਇਸ ਦੇ ਕੋਸ਼ਗਤ ਅਰਥ ਹਨ : ਉਦੈ ਹੋਣ ਦੀ ਥਾਂ। ਇਹ ਸ਼ਬਦ ਦੀ ਗ਼ਜ਼ਲ ਦੇ ਸਬੰਧ ਵਿਚ ਵਰਤੋਂ ਕੀਤੀ ਜਾਂਦੀ ਹੈ। ਗ਼ਜ਼ਲ ਦੇ ਪਹਿਲੇ ਸ਼ਿਅਰ ਨੂੰ ਮਤਲਾ ਕਹਿੰਦੇ ਹਨ। ਮਕਤਾਅ : ਨਜ਼ਮ ਅਥਵਾ ਗ਼ਜ਼ਲ ਦਾ ਅੰਤਿਮ ਸ਼ਿਅਰ ਜਿੱਥੇ ਕਵਿਤਾ ਖ਼ਤਮ ਹੁੰਦੀ ਹੈ, ਮਕਤਾਅ ਅਖਵਾਉਂਦਾ ਹੈ। ਕਾਫ਼ੀਆ : ਕਾਫ਼ੀਆ ਦੇ ਕੋਸ਼ਗਤ ਅਰਥ ਹਨ: ਬਾਰ-ਬਾਰ ਆਉਣ ਵਾਲਾ। ਹਰ ਸ਼ਿਅਰ ਦੇ ਅੰਤ ਉਤੇ ਬਾਰ-ਬਾਰ ਆਉਣ ਵਾਲੇ ਹਮ-ਵਜ਼ਨ ਸ਼ਬਦ ਨੂੰ ਕਾਫ਼ੀਆ ਕਿਹਾ ਜਾਂਦਾ ਹੈ। ਜਿਵੇਂ : ਗੁਸਤਾਨ, ਗੀਹਾਨ ਆਦਿ। ਰਦੀਫ਼ : ਉਹ ਸ਼ਬਦ ਜੋ ਕਾਫ਼ੀਆ ਤੋਂ ਬਾਅਦ ਹਰ ਸ਼ਿਅਰ ਵਿਚ ਆਉਣ। ਜਿਵੇਂ ਗੁਸਤਾਨ ਹਾ, ਲਿਆਂਵਦਾ ਈ, ਮਿਲਾਂਵਦਾ ਈ। ਯਾਦ ਰਹੇ ਕਿ ਰਦੀਫ਼ ਲਈ ਕਾਫ਼ੀਆ ਜ਼ਰੂਰੀ ਹੈ ਪਰ ਕਾਫ਼ੀਏ ਲਈ ਰਦੀਫ਼ ਜ਼ਰੂਰੀ ਨਹੀਂ।

ਇਕ ਗ਼ਜ਼ਲ ਵਿਚ ਆਮ ਤੌਰ 'ਤੇ ਸੱਤ ਤੋਂ ਤੀਹ ਸ਼ਿਅਰ ਹੁੰਦੇ ਹਨ। ਫ਼ਾਰਸੀ ਦਾ ਪਹਿਲਾ ਗ਼ਜ਼ਲਗੋ (ਰੂਦਕੀ) ਸੀ ਅਤੇ ਗ਼ਜ਼ਲ ਦਾ ਉਸਤਾਦ ਸ਼ੇਖ਼-ਸਾਅਦੀ ਸੀ ਪਰ ਫ਼ਾਰਸੀ ਗ਼ਜ਼ਲ ਦੀ ਸਿਖ਼ਰ ਹਾਫ਼ਿਜ਼ ਨਾਲ ਆਉਂਦੀ ਹੈ।

ਉਰਦੂ ਵਿਚ ਗ਼ਜ਼ਲ ਦਾ ਉਸਤਾਦ ਕਵੀ 'ਗ਼ਾਲਿਬ' ਸੀ। ਜੌਕ, ਮੀਰਤੱਕੀ ਮੀਰ ਤੇ ਮੋਮਨ-ਗ਼ਜ਼ਲ ਦੇ ਸਿਰਕੱਢ ਕਵੀ ਹਨ। ਹਸਰਤ ਮੁਹਾਨੀ, ਜ਼ਿਕਰ ਮੁਰਾਦਾਬਾਦੀ, ਫ਼ੈਜ਼ ਅਹਿਮਦ ਫ਼ੈਜ਼, ਫ਼ੀਰਾਕ ਗੋਰਖਪੁਰੀ, ਸਾਹਿਰ ਲੁਧਿਆਣਵੀ ਆਦਿ 20ਵੀਂ ਸਦੀ ਦੇ ਚੰਗੇ ਗ਼ਜ਼ਲਗੋ ਹਨ।

ਪੰਜਾਬੀ ਗ਼ਜ਼ਲ ਦਾ ਮੋਢੀ ਮੁਹੰਮਦ ਬਖ਼ਸ਼ ਕਰਤਾ ਕਿੱਸਾ 'ਸੈਫ਼ਲ ਮਲੂਕ' ਮੰਨਿਆ ਜਾਂਦਾ ਹੈ। ਪਹਿਲਾ ਗ਼ਜ਼ਲਾਂ ਦਾ ਦੀਵਾਨ ਮੌਲਾ ਬਖ਼ਸ਼ ਕੁਸ਼ਤਾ ਦਾ ਛਪਿਆ ਸੀ।

ਧਨੀ ਰਾਮ ਚਾਤ੍ਰਿਕ, ਦਰਸ਼ਨ ਸਿੰਘ ਅਵਾਰਾ, ਪ੍ਰੋ. ਮੋਹਨ ਸਿੰਘ, ਬਰਕਤ ਰਾਮ ਯੁਮਨ, ਬਾਵਾ ਬਲਵੰਤ, ਹਜ਼ਾਰਾ ਸਿੰਘ, ਡਾ. ਫ਼ਕੀਰ ਮੁਹੰਮਦ ਫ਼ਕੀਰ, ਮੀਰ ਫ਼ਜ਼ਲ ਹੁਸੈਨ, ਤਖ਼ਤ ਸਿੰਘ, ਦੀਵਾਨ ਸਿੰਘ, ਸਾਧੂ ਸਿੰਘ ਹਮਦਰਦ, ਡਾ. ਜਗਤਾਰ, ਡਾ. ਰਣਧੀਰ ਸਿੰਘ ਚੰਦ, ਸੁਰਜੀਤ ਪਾਤਰ ਪੰਜਾਬੀ ਦੇ ਜ਼ਿਕਰਯੋਗ ਗ਼ਜ਼ਲਗੋ ਹਨ।

Scanned with CamScanner

### ਸ਼ਿਅਰ

'ਸ਼ਿਅਰ' ਅਰਬੀ ਸ਼ਬਦ ਹੈ, ਜਿਸਦੇ ਅਰਥ ਹਨ: ਦਰਿਆਫ਼ਤ ਅਥਵਾ ਗਿਆਨ। ਰਚਨਾ ਸਾਹਿਤ ਵਿਚ ਇਸ ਤੋਂ ਭਾਵ ਅਜਿਹੀ ਰਚਨਾ ਹੈ ਜਿਸ ਵਿਚ ਖ਼ਿਆਲ, ਜਜ਼ਬਾ, ਕਲਪਨਾ ਤੇ ਤਾਲ ਅਤੇ ਕਿਸੇ ਪ੍ਰਕਾਰ ਦੇ ਵਜ਼ਨ ਤੋਲ ਦਾ ਸੁਮੇਲ ਹੋਵੇ। ਇਸ ਤਰ੍ਹਾਂ ਦੇ ਵਿਚਾਰ ਪੇਸ਼ ਕਰਨ ਵਾਲਾ ਮਨੁੱਖ ਸ਼ਾਇਰ ਅਖਵਾਉਂਦਾ ਹੈ। ਸੰਸਾਰ ਭਰ ਦਾ ਪੁਰਾਤਨ ਸਾਹਿਤ ਵਧੇਰੇ ਕਰਕੇ ਕਵਿਤਾ ਅਤੇ ਸ਼ੇਅਰਾਂ ਵਿਚ ਹੀ ਮਿਲਦਾ ਹੈ। ਇਹੀ ਗੱਲ ਪੁਰਾਤਨ ਭਾਰਤੀ ਸਾਹਿਤ ਉੱਤੇ ਢੁੱਕਦੀ ਹੈ ਅਤੇ ਪੰਜਾਬੀ ਸਾਹਿਤ ਵੀ ਇਸ ਤੋਂ ਬਾਹਰ ਨਹੀਂ ਹੈ।

Scanned with CamScanner

## ਕਾਫ਼ੀ

'ਕਾਫ਼ੀ' ਅਰਬੀ ਸ਼ਬਦ ਹੈ ਅਤੇ ਇਸਦੇ ਅਰਥ ਹਨ : ਬੇਨਿਆਜ਼ ਕਰਨ ਵਾਲਾ, ਅੱਗੇ-ਅੱਗੇ ਚੱਲਣ ਵਾਲਾ, ਗਿਆਨਵਾਨ, ਲੋੜ ਪੂਰੀ ਕਰਨ ਵਾਲਾ। ਕਾਵਿ ਖੇਤਰ ਵਿਚ ਇਹ ਗੀਤ ਦਾ ਉਹ ਸਥਾਈ ਪਦ ਹੈ ਜਿਸਦੇ ਨਾਲ ਗਾਉਣ ਲਈ ਹੋਰ ਤੁਕਾਂ ਜੋੜੀਆਂ ਜਾਣ। ਗੀਤ ਗਾਉਣ ਸਮੇਂ ਇਹ ਤੁਕ ਗੀਤ ਵਿਚ ਵਾਰ-ਵਾਰ ਆਉਂਦੀ ਹੈ। ਕਾਫੀਆਂ ਭਿੰਨ-ਭਿੰਨ ਰਾਗਾਂ ਵਿਚ ਲਿਖੀਆਂ ਮਿਲਦੀਆਂ ਹਨ। ਵਾਸਤਵ ਵਿਚ ਕਾਫੀ ਕੋਈ ਖ਼ਾਸ ਛੰਦ ਨਹੀਂ, ਕੇਵਲ ਗਾਉਣ ਦਾ ਇਕ ਢੰਗ ਹੈ। ਸੂਫ਼ੀ ਫ਼ਕੀਰ ਮਸਤੀ ਭਰੇ ਗੀਤ ਗਾਉਂਦੇ ਹਨ ਅਤੇ ਗੀਤ ਦੀ ਮੁੱਖ ਤੁਕ, ਉਨ੍ਹਾਂ ਦੇ ਆਲੇ-ਦੁਆਲੇ ਬੈਠੇ ਮੁਰੀਦ ਦੁਹਰਾਉਂਦੇ ਹਨ, ਅਜਿਹਾ ਗੀਤ ਹੀ 'ਕਾਫੀ' ਸਦਾਉਂਦਾ ਹੈ। ਪੰਜਾਬੀ ਵਿਚ ਸਭ ਤੋਂ ਪਹਿਲਾਂ ਕਾਫ਼ੀਆਂ ਗੁਰੂ ਨਾਨਕ ਦੇਵ ਜੀ ਨੇ ਆਸਾ, ਸੂਹੀ ਅਤੇ ਮਾਰੂ ਰਾਗਾਂ ਵਿਚ ਲਿਖੀਆਂ। ਪੰਜਾਬੀ ਸੂਫ਼ੀ ਕਾਵਿ ਵਿਚ ਇਹ ਰੂਪਾਕਾਰ ਕਾਫ਼ੀ ਹਰਮਨ ਪਿਆਰਾ ਹੋਇਆ। ਪੰਜਾਬੀ ਸੂਫ਼ੀ ਕਵੀਆਂ ਵਿਚੋਂ ਸਭ ਤੋਂ ਪਹਿਲਾਂ ਸ਼ਾਹ ਹੁਸੈਨ ਨੇ ਕਾਫ਼ੀਆਂ ਲਿਖੀਆਂ।

Scanned with CamScanner

**ਗਜ਼ਲ ਦਾ ਸ਼ਿਲਪ ਵਿਧਾਨ :-** ਡਾ. **ਅੰਮ੍ਰਿਤ ਲਾਲ ਪਾਲ** ਗਜ਼ਲ ਦੇ ਸ਼ਿਲਪ ਵਿਧਾਨ ਨੂੰ ਦੋ ਭਾਗਾਂ ਵਿਚ ਵੰਡਦੇ ਹਨ। ਉਨ੍ਹਾਂ ਅਨੁਸਾਰ ਪਹਿਲੇ ਭਾਗ ਵਿਚ ਸੰਖੇਪਤਾ, ਸਰਲਤਾ, ਸੰਜਮ, ਸੰਗੀਤਾਤਮਕਤਾ, ਅਰੁਕ ਭਾਵ, ਪ੍ਰਵਾਹ, ਵਹਾਅ ਜਾਂ ਰਵਾਨੀ ਅਤੇ ਕਲਪਨਾ ਸ਼ਕਤੀ ਹੈ। ਦੂਸਰੇ ਭਾਗ ਵਿਚ ਸ਼ਬਦਾਵਲੀ, ਬਿੰਬਾਵਲੀ, ਅਲੰਕਾਰ, ਮੁਹਾਵਰੇ ਦੀ ਯੋਗ ਵਰਤੋਂ, ਰਸ ਰੰਗ ਅਤੇ ਛੰਦ ਆਦਿ ਲਏ ਜਾਂਦੇ ਹਨ, ਪਰ ਇਸ ਤੋਂ ਇਲਾਵਾ ਗਜ਼ਲ ਦੇ ਰੂਪ ਵਿਧਾਨ ਵਿਚ ਕੁਝ ਹੋਰ ਗੱਲਾਂ ਵੀ ਸ਼ਾਮਿਲ ਹਨ।"

**ਗਜ਼ਲ ਦਾ ਬਾਹਰੀ ਢਾਂਚਾ :-** ਗਜ਼ਲ ਦੀ ਆਤਮਾ ਵਾਂਗ ਗਜ਼ਲ ਦਾ ਬਾਹਰੀ ਢਾਂਚਾ ਵੀ

Scanned with CamScanner

ਮਹੱਤਵਪੂਰਨ ਹੈ। ਸੁਲੱਖਣ ਸਰਹੱਦੀ ਅਨੁਸਾਰ, "ਦੋ ਸਤਰਾਂ ਦਾ ਇਕ ਸ਼ਿਅਰ ਬਣਦਾ ਹੈ। ਇਹਨਾਂ ਦੋਹਾਂ ਸਤਰਾਂ ਨੂੰ ਸ਼ਿਅਰ ਦਾ ਪਹਿਲਾ ਮਿਸ਼ਰਾ ਅਤੇ ਦੂਜਾ ਮਿਸ਼ਰਾ ਕਿਹਾ ਜਾਂਦਾ ਹੈ।...... ਗਜ਼ਲ ਦੀਆਂ ਪਹਿਲੀਆਂ ਦੋ ਸਤਰਾਂ ਦੀ ਰੋਸ਼ਨੀ ਵਿਚ ਬਹਿਰ ਤੈਅ ਹੋਣਾ ਹੁੰਦਾ ਹੈ ਅਤੇ ਇਹਨਾਂ ਨਾਲ ਹੀ ਕਾਫੀਏ ਅਤੇ ਰਦੀਫ਼ ਦੀ ਗਜ਼ਲਗੋ ਵਲੋਂ ਕੀਤੀ ਚੋਣ ਨੂੰ ਸਹੀ ਸਿੱਧ ਕਰਨਾ ਹੁੰਦਾ ਹੈ। ਪਹਿਲੀਆਂ ਦੋਹਾਂ ਤੁਕਾਂ ਨੂੰ ਮਿਲਾ ਕੇ ਮਤਲਾ ਬਣਦਾ ਹੈ।....... ਮਤਲੇ ਤੋਂ ਬਾਅਦ ਆਮ ਕਰਕੇ ਸ਼ਿਅਰ ਲਿਖੇ ਹੁੰਦੇ ਹਨ, ਪਰ ਕਈ ਵਧੀਆ ਗਜ਼ਲਾਂ ਵਿਚ ਕਈ-ਕਈ ਮਤਲੇ ਲਿਖੇ ਵੇਖੇ ਜਾ ਸਕਦੇ ਹਨ।"

ਦੂਜੇ ਮਤਲੇ ਨੂੰ ਮਤਲਾ-ਏ-ਸਾਨੀ ਆਖਿਆ ਜਾਂਦਾ ਹੈ। ਕਈ ਵਾਰ ਗਜ਼ਲ ਦੇ ਅੰਤਿਮ ਸ਼ਿਅਰ ਨੂੰ ਛੱਡ ਕੇ ਬਾਕੀ ਸਾਰੇ ਸ਼ਿਅਰ ਮਤਲੇ ਵੀ ਹੁੰਦੇ ਹਨ। ਅਖੀਰਲੇ ਸ਼ਿਅਰ ਨੂੰ ਗਜ਼ਲ ਦਾ ਮਕਤਾ ਸ਼ਿਅਰ ਆਖਿਆ ਜਾਂਦਾ ਹੈ। 'ਮਕਤਾ' ਵਾਲੇ ਸ਼ਿਅਰ ਵਿਚ ਸ਼ਾਇਰ ਨੇ ਆਪਣਾ ਨਾਂ ਲਿਖਿਆ ਹੁੰਦਾ ਹੈ, ਪਰ ਕਈ ਵੇਰ ਕਈ ਸ਼ਾਇਰ ਮਤਲੇ ਵਿਚ ਵੀ ਅਜਿਹਾ ਕਰ ਜਾਂਦੇ ਹਨ ਅਤੇ ਮਕਤੇ ਤੋਂ ਪਹਿਲੇ ਸ਼ਿਅਰ ਵਿਚ ਵੀ।

Scanned with CamScanner

**ਤੁਕਾਂਤ ਪ੍ਰਣਾਲੀ** :- ਗਜ਼ਲ ਦੀ ਤੁਕਾਂਤ ਪ੍ਰਣਾਲੀ ਵੀ ਵਿਸ਼ੇਸ਼ ਕਿਸਮ ਦੀ ਹੈ। ਇਸ ਦੇ ਹਰ ਸ਼ੇਅਰ ਦੇ ਅੰਤ ਉੱਤੇ ਵਾਰ-ਵਾਰ ਆਉਣ ਵਾਲੇ ਹਮ-ਬਜਨ ਸ਼ਬਦ 'ਕਾਫੀਆ' ਅਖਵਾਉਂਦੇ ਹਨ।

ਕਾਫੀਆ ਤੋਂ ਬਾਅਦ ਵਾਰ-ਵਾਰ ਆਉਣ ਵਾਲੇ ਸ਼ਬਦ ਨੂੰ 'ਰਦੀਫ' ਆਖਦੇ ਹਨ। ਸੁਲੱਖਣ ਸਰਹੱਦੀ ਦੇ ਅਨੁਸਾਰ "ਕਾਫੀਆ ਗਜ਼ਲ ਦੀ ਰੀੜ੍ਹ ਦੀ ਹੱਡੀ ਹੁੰਦਾ ਹੈ। ਬਹੁਤ ਵੇਰ ਸੁੰਦਰ ਕਾਫੀਏ ਕਰਕੇ ਹੀ ਕੋਈ ਗਜ਼ਲ ਸਰੋਤਿਆਂ ਅਤੇ ਪਾਠਕਾਂ ਵਿਚ ਹਰਮਨ ਪਿਆਰੀ ਅਤੇ ਚਿਰਜੀਵੀ ਹੋ ਨਿਬੜਦੀ ਹੈ। ਕਾਫੀਏ ਦੇ ਬਣਨ ਵਿਚ ਕੁਝ ਅੱਖਰਾਂ ਜਾਂ ਧੁਨੀਆਂ ਦਾ ਨਿਸ਼ਚਿਤ ਮਿਸ਼ਰਣ ਹੁੰਦਾ ਹੈ। ਇਸ ਨਾਲ ਸ਼ਿਅਰਾ ਵਿਚ ਖੂਬਸੂਰਤੀ ਆਉਂਦੀ ਹੈ। ਕਾਫ਼ੀਏ ਦੇ ਵਿਗਿਆਨ ਵਿਚ ਨੌਂ ਅੱਖਰ ਬਹੁਤ ਮਹਤਤਾ ਰਖਦੇ ਹਨ। ਇਹਨਾਂ ਨੌਂ ਅੱਖਰਾਂ ਦੇ ਨਾਂ ਹਨ :- (1) ਰਵੀ, (2) ਰਿਦਫ਼, (3) ਰਿਦਫ਼ ਜਾਇਦ, (4) ਕੈਦ, (5) ਤਸੀਸ-ਦਖ਼ੀਲ, (6) ਵਸਲ, (7) ਖਰੂਜ, (8) ਮਜੀਦ ਅਤੇ (9) ਨਾਇਰਾ। ਪਹਿਲੇ ਸ਼ੇਅਰ ਅਰਥਾਤ ਮਤਲਾ ਦੇ ਦੋਵੇਂ ਮਿਸਰਿਆਂ ਦਾ ਤੁਕਾਂਤ ਮੇਲ ਖਾਂਦਾ ਹੈ। ਇਸ ਤੋਂ ਮਗਰੋਂ ਹਰ ਸ਼ੇਅਰ ਦਾ ਦੂਜਾ ਮਿਸਰਾ ਮਤਲੇ ਦੇ ਕਾਫੀਏ ਨਾਲ ਮੇਲ ਖਾਂਦਾ ਹੈ। ਕਈਆਂ ਵਿਚ ਕਾਫੀਏ ਤੋਂ ਮਗਰੋਂ ਰਦੀਫ ਦੀ ਪਾਲਣਾ ਵੀ ਕੀਤੀ ਹੋਈ ਮਿਲਦੀ ਹੈ, ਪਰੰਤੂ ਜਿੱਥੇ ਕਾਫੀਆ ਅੰਤ 'ਤੇ ਹੋਏ ਉੱਥੇ ਰਦੀਫ ਨਹੀਂ ਹੁੰਦਾ।

Scanned with CamScanner